Serial No. 175 12–F–TCL45–645

# PUNJABI
## Paper—I
## (Literature)

*Time Allowed : Three Hours* *Maximum Marks : 300*

### INSTRUCTIONS

*Candidates should attempt Questions 1 and 5 which are compulsory, and any **THREE** of the remaining questions selecting at least **ONE** question from each Section.*

*All questions carry equal marks.*

*Answers must be written in **Punjabi** (Gurmukhi Script).*

punjabiforias.com by Satinder Sir

### SECTION—A

1. ਪੰਜਾਬੀ ਭਾਸ਼ਾ ਦੇ ਧੁਨੀ-ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ ਅਤੇ ਪੰਜਾਬੀ ਵਿਅੰਜਨਾਂ ਦੀ ਧੁਨੀ ਵਿਉਂਤ ਨੂੰ ਸਪੱਸ਼ਟ ਕਰੋ।

2. ਪੰਜਾਬੀ ਭਾਸ਼ਾ ਦੀ ਵਾਕ ਬਣਤਰ ਦੀ ਵਿਆਖਿਆ ਕਰੋ। ਇਸ ਦੇ ਨਾਂਵ ਵਾਕਾਂਸ਼ ਦੀ ਸੰਰਚਨਾ ਬਾਰੇ ਚਰਚਾ ਕਰੋ।



Scanned with CamScanner

3. ਭਾਸ਼ਾ ਅਤੇ ਉਪਭਾਸ਼ਾ ਅੰਤਰ ਸੰਬੰਧ ਕੀ ਹੁੰਦਾ ਹੈ ? ਪੰਜਾਬੀ ਦੀਆਂ ਉਪਭਾਸ਼ਾਵਾਂ ਦਾ ਵਰਗੀਕਰਨ ਭੂਗੋਲਕ ਅਤੇ ਉਪਭਾਸ਼ਾਈ ਪੱਖੋਂ ਪੇਸ਼ ਕਰੋ।

4. ਪੰਜਾਬੀ ਕਿੱਸਾਕਾਵਿ ਪਰੰਪਰਾ, ਭਾਰਤੀ ਅਤੇ ਸਾਮੀ ਪਰੰਪਰਾਵਾਂ ਦਾ ਕਿਸ ਪ੍ਰਕਾਰ ਦਾ ਸੁਮੇਲ ਸਿਰਜਦੀ ਹੈ ? ਇਸ ਸੁਮੇਲ ਨੂੰ ਸਭਿਆਚਾਰਕ, ਦਾਰਸ਼ਨਿਕ ਅਤੇ ਬਿਰਤਾਂਤਕ—ਤਿੰਨਾਂ ਪੱਖਾਂ ਤੋਂ ਵਿਚਾਰਦਿਆਂ ਚਰਚਾ ਕਰੋ।

## SECTION—B

5. 'ਆਧੁਨਿਕ ਪੰਜਾਬੀ ਕਵਿਤਾ ਵਿਚ ਸੋਹਜਵਾਦੀ ਅਤੇ ਕ੍ਰਾਂਤੀਕਾਰੀ ਵਿਚਾਰਧਾਰਾਵਾਂ ਇਕ ਦੂਜੀ ਦੇ ਸਮਾਨਅੰਤਰ ਅਤੇ ਵਿਰੋਧ ਵਿਚ ਚਲਦੀਆਂ ਰਹੀਆਂ ਹਨ।' ਇਸ ਪੱਖ ਤੋਂ ਡਾ. ਹਰਿਭਜਨ ਸਿੰਘ, ਪਾਸ਼ ਅਤੇ ਸੁਰਜੀਤ ਪਾਤਰ ਦੀਆਂ ਕਵਿਤਾਵਾਂ ਦਾ ਮੁਲਾਂਕਣ ਕਰੋ।

6. 'ਪੰਜਾਬੀ ਲੋਕਗੀਤਾਂ ਵਿਚ ਔਰਤ ਦੀ ਤ੍ਰਾਸਦਿਕ ਸੰਵੇਦਨਾ ਅਤੇ ਦੁਖਾਂਤਕ ਸਥਿਤੀ, ਪੇਕਾ ਘਰ ਅਤੇ ਸੌਹਰਾ ਘਰ ਦੇ ਵਿਰੋਧਾਤਮਕ ਪ੍ਰਸੰਗਾਂ ਵਿਚੋਂ ਉਘੜਦੀ ਹੈ।' ਪੰਜਾਬੀ ਲੋਕ ਸਾਹਿਤ ਦੇ ਹਵਾਲੇ ਨਾਲ ਇਸ ਕਥਨ ਬਾਰੇ ਚਰਚਾ ਕਰੋ।

7. ਪੰਜਾਬੀ ਕਹਾਣੀ ਪੰਜਾਬੀ ਬੰਦੇ ਦੇ ਮੂਲ ਸੁਭਾਅ ਅਤੇ ਪੰਜਾਬੀ ਸਭਿਆਚਾਰ ਦੀਆਂ ਮੂਲ ਪ੍ਰਵਿਰਤੀਆਂ ਨੂੰ ਪ੍ਰਗਟ ਕਰਨ ਵਿਚ ਕਿੱਥੋਂ ਤਕ ਸਫਲ ਹੋਈ ਹੈ ? ਆਪਣਾ ਮੱਤ ਸਪੱਸ਼ਟ ਕਰੋ।

8. ਆਧੁਨਿਕ ਪੰਜਾਬੀ ਵਾਰਤਕ ਮਨੁੱਖ ਦੇ ਜੀਵਨ ਨੂੰ ਵਿਉਂਤਦੀ ਹੋਈ ਕਿਸ ਪ੍ਰਕਾਰ ਦੇ ਆਦਰਸ਼ਕ ਨਾਇਕ ਨੂੰ ਪੇਸ਼ ਕਰਦੀ ਹੈ ? ਵਾਰਤਕਕਾਰ ਪੂਰਨ ਸਿੰਘ, ਤੇਜਾ ਸਿੰਘ ਅਤੇ ਗੁਰਬਖ਼ਸ਼ ਸਿੰਘ ਦੇ ਹਵਾਲੇ ਨਾਲ ਚਰਚਾ ਕਰੋ।



punjabiforias.com by Satinder Sir

Scanned with CamScanner